# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ),
ਫੇਸ-3ਬੀ-1,ਐਸ.ਏ.ਐਸ ਨਗਰ।

ਨੰ: 6/5-2017-ਭ.ਡ (9) ਮਿਤੀ 20-09-2018

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਵਲੋਂ ਮਿਤੀ 10-09-2017 ਨੂੰ ਵਿਗਿਆਪਤ 3582 ਪੋਸਟਾਂ ਅਧੀਨ ਹਿੰਦੀ ਅਤੇ ਅੰਗਰੇਜੀ ਵਿਸਿਆਂ ਦਾ ਪ੍ਰੋਵੀਜਨਲ ਨਤੀਜਾ ਘੋਸਿਤ ਕਰ ਦਿੱਤਾ ਗਿਆ ਸੀ। ਜੋ ਵਿਭਾਗ ਦੀ ਵੈਬਸਾਈਟ ਤੇ www.educationrecruitmentboard.com :ਤੇ ਅਪਲੋਡ ਕਰ ਦਿੱਤਾ ਗਿਆ ਸੀ। ਇਸ ਵਿੱਚ ਕੁਝ ਉਮੀਦਵਾਰਾਂ ਦਾ ਵੱਖ ਵੱਖ ਕਾਰਨਾਂ ਕਰਕੇ ਨਤੀਜਾ ਰੋਕਿਆ ਗਿਆ ਸੀ। ਕੁਝ ਉਮੀਦਵਾਰਾਂ ਵਲੋਂ ਆਪਣੇ ਇਤਰਾਜ ਦੂਰ ਕਰਵਾ ਲਏ ਗਏ ਸਨ, ਉਹਨਾਂ ਉਮੀਦਵਾਰਾਂ ਦਾ ਵਿਭਾਗ ਵਲੋਂ ਫੈਸਲਾ ਲੈ ਲਿਆ ਗਿਆ ਹੈ। ਪਰੰਤੂ ਅਜੇ ਵੀ ਕੁਝ ਉਮੀਦਵਾਰਾਂ ਵਲੋਂ ਇਤਰਾਜ ਦੂਰ ਨਹੀਂ ਕਰਵਾਏ ਗਏ ਅਤੇ ਉਹਨਾਂ ਦਾ ਨਤੀਜਾ ਅਜੇ ਵੀ Withheld ਹੈ। ਅਜਿਹੇ ਉਮੀਦਵਾਰਾਂ ਦੀ ਲਿਸਟ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਹੈ। ਇਸ ਲਈ ਸਬੰਧਤ ਉਮੀਦਵਾਰ ਮਿਤੀ 05-10-2018 ਸਾਮ ਦੇ 05.00 ਵਜੇ ਤੱਕ ਆਪਣੇ ਲੋੜੀਂਦੇ ਦਸਤਾਵੇਜ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ), ਫੇਸ-3 ਬੀ-1 ਮੋਹਾਲੀ, ਪੰਜਾਬ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਜੇਕਰ ਉਮੀਦਵਾਰ ਉਪਰੋਕਤ ਦਿੱਤੇ ਸਮੇਂ ਅਨੁਸਾਰ ਆਪਣੇ ਲੋੜੀਂਦੇ ਦਸਤਾਵੇਜ ਜਮ੍ਹਾਂ ਨਹੀਂ ਕਰਵਾਉਣਗੇ ਤਾਂ ਉਨ੍ਹਾ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਇਸ ਮਿਤੀ ਤੋਂ ਬਾਦ ਕਿਸੇ ਵੀ ਪ੍ਰਤੀ ਬੇਨਤੀ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

20/9/18

ਡਿਪਟੀ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।